ਕਲਾਕਾਰ

(ਨਾਟਕ)

9876 کلاکار

ਕ੍ਰਿਤ

ਪ੍ਰੋ: ਸੰਤ ਸਿੰਘ ਸੇਖੋਂ

ਲਾਹੌਰ ਬੁਕ ਸ਼ਾਪ

ਨਿਸਬਤ ਰੋਡ, ਮੋਹਣ ਲਾਲ ਰੋਡ,

ਲਾਹੌਰ.

ਨਾਟ ੧

ਪ੍ਰੋਫ਼ੈਸਰ ਗੌਤਮ ਚੰਦਰ ਦੀ ਕੋਠੀ, ਵਾਰਿਸ ਰੋਡ। ਅਕਤੂਬਰ, ੜ ਬਜੇ ਬਾਦ ਦੁਪਹਿਰ ਦਾ ਵਕਤ। ਅਹੱਲਿਆ, ਗੌਤਮ ਚੰਦਰ ਦੀ ਪਤਨੀ, ਗੋਲ ਕਮਰੇ ਵਿਚ ਬੈਠੀ ਗੌਤਮ ਚੰਦਰ ਦਾ ਪੁਲਓਵਰ ਬੁਣ ਰਹੀ ਹੈ। ਸਾਹਮਣੇ ਨਿਟਿੰਗ ਦਾ ਅੰਗਰੇਜ਼ੀ ਰਸਾਲਾ ਪਿਆ ਹੈ ਜਿਸ ਵਿਚਲੇ ਨਮੂਨੇ ਨਾਲ ਕਦੀ ਕਦੀ ਉਹ ਆਪਣੀ ਬੁਣਤੀ ਦਾ ਟਾਕਰਾ ਕਰ ਲੈਂਦੀ ਹੈ। ਚੰਦਰਮਾ ਦਰਵਾਜ਼ੇ ਵਿਚ ਆ ਦਿਖਾਈ ਦੇਂਦੀ ਹੈ।

ਅਹੱਲਿਆ—(ਚੰਦਰਮਾ ਨੂੰ ਦੇਖ ਕੇ ਆਪਣੀ ਕੁਰਸੀ ਤੋਂ ਉਠ ਕੇ ਸਵਾਗਤ ਲਈ ਵਧਦੀ ਹੋਈ) ਆਈਏ, ਜੀ ਆਇਆਂ ਨੂੰ। ਤਕੜੀ ਹੈਂ, ਚੰਦਰਮਾ ?

ਚੰਦਰਮਾ—ਨਮਸਤੇ। (ਅਹੱਲਿਆ ਨੂੰ ਜੱਫੀ ਪਾਂਦੀ ਹੈ।) ਤਕੜੀ ਹੈਂ, ਅਹੱਲਿਆ ?

ਅਹੱਲਿਆ—ਮੈਂ ਹਾਲੀ ਸਲਾਹ ਹੀ ਕਰ ਰਹੀ ਸਾਂ ਕਿ ਤੈਨੂੰ ਮਿਲਣ ਆਵਾਂ ਜੋ ਤੂੰ ਆਪੇ ਹੀ ਚੰਦਰਮਾ ਵਾਂਗ ਆ ਦਿਖਾਈ ਦਿੱਤੀ ਹੈ।

ਚੰਦਰਮਾ—ਅਸਾਂ ਤੇ ਆਪਣੇ ਵਕਤ ਤੇ ਆ ਦਿਖਾਈ ਦੇਣੀ ਹੋਈ ਨ, ਬੰਦੇ ਜੋ ਹੋਏ ਕਾਨੂੰਨ ਦੇ।

ਅਹੱਲਿਆ—ਸਚ ਮੁਚ ਤੈਨੂੰ ਦੇਖ ਕੇ ਮੈਨੂੰ ਚੰਦ ਚੜ੍ਹ ਗਿਆ ਹੈ।

ਚੰਦਰਮਾ—ਸੁਣਾ ਕੀ ਹਾਲ ਹੈ ?

ਅਹੱਲਿਆ–ਬਹੁਤ ਚੰਗਾ ਹਾਲ ਹੈ। ਬੈਠ ਜਾ। (ਮੋਢਿਆਂ ਤੋਂ ਫੜ ਕੇ ਚੰਦਰਮਾ ਨੂੰ ਸੋਫ਼ੇ ਤੇ ਬਿਠਾਂ ਦੀ ਹੈ ਤੇ ਆਪ ਵੀ ਉਸ ਦੇ ਨਾਲ ਖਹਿ ਕੇ ਉਸੇ ਸੋਫ਼ ਤੇ ਬੈਠ ਜਾਂਦੀ ਹੈ।)

ਚੰਦਰਮਾ–ਅਹੱਲਿਆ, ਮੈਂ ਤਾਂ ਤੈਨੂੰ ਇਨ੍ਹਾਂ ਤਿੰਨਾਂ ਮਹੀਨਿਆਂ ਵਿਚ ਵੈਰਾਗ ਗਈ ਹਾਂ। ਕਈ ਵਾਰੀ ਗੰਗਾ ਤੋਂ ਪੁਛਿਆ ਕਿ ਭਾਪਾ ਜੀ ਹੋਰੀ ਪਹਾੜੋਂ ਵਾਪਸ ਆ ਗਏ ਹਨ ਯਾਂ ਨਹੀਂ। ਫਿਰ ਉਹ ਵੀ ਚਲੀ ਗਈ।

ਅਹੱਲਿਆ–ਹਾਂ, ਮਾਂ ਜੀ ਤੇ ਉਹ ਹਾਲੀ ਵੀ ਮਸੂਰੀ ਹੀ ਹਨ, ਆਣ ਵਾਲੇ ਹੀ ਹਨ। ਅਸੀ ਹਾਲੀ ਪਰਸੋਂ ਹੀ ਆਏ ਹਾਂ। ਕਲ ਨ੍ਹਾਣ ਧੋਣ ਵਿਚ ਹੀ ਲੰਘ ਗਿਆ।

ਚੰਦਰਮਾ–ਤੇ ਅੱਜ ਕੀ ਕਰਦੇ ਰਹੇ ਹੋ। ਪੁਲਓਵਰ ਤਾਂ ਆਂਦਿਆਂ ਹੀ ਛੇੜ ਲਿਆ ਹੈ। ਅਸਾਨੂੰ ਮਿਲਣ ਆਣ ਲਈ ਵਕਤ ਨ ਨਿਕਲ ਸਕਿਆ ਅੱਜ ਦੁਪਹਿਰ ਤੋਂ ਪਹਿਲਾਂ।

ਅਹੱਲਿਆ–ਹੁਣ ਗੌਤਮ ਜੀ ਨੂੰ ਉਡੀਕ ਰਹੀ ਸਾਂ। ਉਹ ਵੀ ਚਾਰ ਬਜੇ ਕਾਲਜ ਤੋਂ ਵਾਪਸ ਆ ਜਾਣਗੇ, ਤੇ ਫਿਰ ਤੁਹਾਨੂੰ ਮਿਲਣ ਆਣਾ ਸੀ।

ਚੰਦਰਮਾ–ਗੌਤਮ ਜੀ ਅਸਾਨੂੰ ਕਾਹਨੂੰ ਮਿਲਦੇ ਹਨ। ਉਨ੍ਹਾਂ ਨੂੰ ਤਾਂ ਮੇਰੇ ਨਾਲ ਇਉਂ ਹਸਦ ਹੈ ਜਿਵੇਂ ਮੈਂ ਆਦਮੀ ਹੁੰਦਾ ਹਾਂ।

ਅਹੱਲਿਆ–ਨਹੀਂ, ਤੈਨੂੰ ਹੀ ਸ਼ਾਇਦ ਹਸਦ ਹੋਵੇ, ਪਰ ਘਬਰਾ ਨਹੀਂ, ਗੌਤਮ ਜੀ ਨੂੰ ਦੇ ਕੇ ਵੀ ਮੇਰੇ ਪਾਸ ਤੇਰੇ ਲਈ ਬਤੇਰਾ ਪਿਆਰ ਹੈ।

ਚੰਦਰਮਾ–ਖ਼ੈਰ, ਜੇ ਮੈਂ ਹਸਦ ਕਰਦੀ ਹਾਂ ਤਾਂ ਤੂੰ ਮੇਰੇ ਪਿਆਰ ਦਾ ਅੰਦਾਜ਼ਾ ਲਗਾ ਸਕਦੀ ਹੈਂ।

ਅਹੱਲਿਆ–(ਚੰਦਰਮਾ ਦੀ ਠੋਡੀ ਫੜ ਕੇ) ਤੂੰ ਤਾਂ ਮੇਰੀ ਪਿਆਰੀ ਚੰਦਰਮਾ ਹੈਂ।

ਚੰਦਰਮਾ–ਅੱਛਾ ਫਿਰ, ਕੋਈ ਗੱਲ ਸੁਣਾ ਮੁਕਲਾਵੇ ਦੀ।

ਅਹੱਲਿਆ–ਕੀ ਸੁਣਾਵਾਂ ? ਪਹਾੜਾਂ ਦੀ ਸੈਰ ਖ਼ੂਬ ਕੀਤੀ। ਪਹਿਲਾਂ ਭੈਹਰਾ ਦੂਨ, ਮਸੂਰੀ ਗਏ। ਉਥੇ ਇਕ ਮਹੀਨੇ ਦੇ ਕਰੀਬ ਰਹੇ। ਫਿਰ ਮੁੜ ਕੇ ਆਏ ਤੇ ਮਰੀ ਗਏ। ਫਿਰ ਕਸ਼ਮੀਰ, ਸ੍ਰੀਨਗਰ, ਪਹਿਲਗਾਮ, ਗੁਲਮਰਗ। ਉਥੋਂ ਪਰਸੋਂ ਆ ਰਹੇ ਹਾਂ।

ਚੰਦਰਮਾ–ਅੱਛਾ, ਤਾਂ ਤੇ ਖ਼ੂਬ ਮੌਕਲੀ ਹੋ ਗਈ ਹੈਂ ਨ ਪੀਆ ਜੀ ਨਾਲ।

ਅਹੱਲਿਆ–(ਹੱਸ ਕੇ) ਨਹੀਂ, ਹਾਲੀ ਘੁੰਡ ਕੱਢਦੀ ਹਾਂ।

ਚੰਦਰਮਾ–ਆਹੋ, ਜਿਤਨਾ ਚਿਰ ਕਾਕਾ ਨ ਆ ਜਾਵੇ, ਘੁੰਡ ਕਢਣਾ ਹੀ ਮਰਯਾਦਾ ਦੀ ਗੱਲ ਹੈ।

ਅਹੱਲਿਆ–ਬੱਸ ਫਿਰ, ਮਰਯਾਦਾ ਅਨੁਸਾਰ ਹੀ ਚਲ ਰਹੇ ਹਾਂ।

ਚੰਦਰਮਾ–(ਅਹੱਲਿਆ ਦਾ ਬਦਨ ਟੋਹਕੇ) ਮੋਟੀ ਵੀ ਕੋਈ ਨਹੀਂ ਹੋਈ। ਉਸੇ ਤਰ੍ਹਾਂ ਲੱਕ ਨਾਲ ਲੱਗਾ ਪਿਆ ਹੈ।

ਅਹੱਲਿਆ–ਮੋਟੀ ਕਿਉਂ ਹੋਣਾ ਸੀ ? ਹਾਲੀ ਨਹੀਂ ਮੈਂ ਦਸ ਵਰ੍ਹੇ ਮੋਟੀ ਹੁੰਦੀ। ਤੀਹ ਸਾਲ ਦੇ ਹੋ ਕੇ ਦੇਖੀ ਜਾਵੇਗੀ।

ਚੰਦਰਮਾ–ਨ ਅੜੀਏ, ਦਸ ਸਾਲ ਤਾਂ ਬਹੁਤ ਜ਼ਿਆਦਾ ਹੈ।

ਅਹੱਲਿਆ–ਅੱਛਾ, ਹੁਣ ਤੂੰ ਕਦ ਵਿਆਹ ਕਰਵਾਣਾ ਹੈ ?

ਚੰਦਰਮਾ–ਮੈਂ ਨਹੀਂ ਵਿਆਹ ਕਰਵਾਣਾ ਕਦੀ ਵੀ।

ਅਹੱਲਿਆ–ਕਿਉਂ, ਚੰਦਰਮਾਂ ਨੂੰ ਦਾਗ਼ ਲਗਣ ਤੋਂ ਡਰਦੀ ਹੈਂ ?

TO READ THE ENTIRE BOOK PLEASE CONTACT US:

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.